**ਐਮਰਜੰਸੀ ਮੈਨੇਜਮੈਂਟ ਬੀ.ਸੀ.**
ਸੂਬੇ ਦਾ ਐਮਰਜੰਸੀ ਪ੍ਰੋਗਰਾਮ

# ਹੜ੍ਹ ਤੋਂ ਬਾਅਦ ਸਫਾਈ ਕਰਨਾ

## ਆਮ ਜਾਣਕਾਰੀ

ਹੜ੍ਹਾਂ ਦੀ ਮਾਰ ਤੋਂ ਬਾਦ ਚੀਜ਼ਾਂ ਨੂੰ ਇਕੱਠਾ ਕਰਨਾ ਅਤੇ ਘਰਾਂ ਅਤੇ ਜ਼ਿੰਦਗੀਆਂ ਨੂੰ ਬਹਾਲ ਕਰਨਾ ਅਜਿਹੇ ਲੋਕਾਂ, ਜਿਨ੍ਹਾਂ ਨੇ ਇਸ ਤਰ੍ਹਾਂ ਦਾ ਸਦਮਾ ਬਰਦਾਸ਼ਤ ਕੀਤਾ ਹੋਵੇ, ਲਈ ਸਭ ਤੋਂ ਔਖੇ ਕੰਮਾਂ ਵਿਚੋਂ ਇੱਕ ਹੈ ਜਿਸਦਾ ਸਾਮ੍ਹਣਾ ਉਨ੍ਹਾਂ ਨੂੰ ਕਦੇ ਵੀ ਕਰਨਾ ਪਿਆ। ਹੜ੍ਹ ਤੋਂ ਬਾਦ, ਘਰ ਨੂੰ ਛੇਤੀ ਤੋਂ ਛੇਤੀ ਫਿਰ ਤੋਂ ਚਾਲੂ ਹਾਲਤ ਵਿਚ ਕਰਨਾ ਜ਼ਰੂਰੀ ਹੁੰਦਾ ਹੈ ਤਾਂ ਕਿ ਤੁਹਾਡੀ ਸਿਹਤ ਨੂੰ ਕੋਈ ਖ਼ਤਰਾ ਨਾ ਹੋਵੇ ਤੇ ਘਰ ਅਤੇ ਘਰ ਦੀਆਂ ਚੀਜ਼ਾਂ ਨੂੰ ਹੋਣ ਵਾਲੇ ਹੋਰ ਨੁਕਸਾਨ ਤੋਂ ਬਚਾਅ ਕੀਤਾ ਜਾ ਸਕੇ।

ਹੜ੍ਹਾਂ ਦੀ ਮਾਰ ਨੁਕਸਾਨਦੇਹ ਹੁੰਦੀ ਹੈ, ਸਿਰਫ ਇਸ ਲਈ ਨਹੀਂ ਕਿ ਪਾਣੀ ਨਾਲ ਦੀਵਾਰਾਂ ਤੇ ਫਰਸ਼ ਉੱਖੜ ਜਾਂਦੇ ਹਨ ਅਤੇ ਢਾਂਚਾ ਕਮਜ਼ੋਰ ਹੋ ਜਾਂਦਾ ਹੈ, ਬਲਕਿ ਇਸ ਲਈ ਵੀ ਕਿ ਗੰਦੇ ਪਾਣੀ (sewage) ਅਤੇ ਹੋਰ ਮਲੀਨਤਾ ਵਾਲੀਆਂ ਚੀਜ਼ਾਂ ਤੋਂ ਪੈਦਾ ਹੋਇਆ ਦੂਸ਼ਣ ਸਿਹਤ ਲਈ ਗੰਭੀਰ ਖ਼ਤਰਾ ਪੈਦਾ ਕਰ ਦਿੰਦਾ ਹੈ।

ਹੜ੍ਹ ਤੋਂ ਲੰਮੇ ਸਮੇਂ ਲਈ ਹੋਣ ਵਾਲਾ ਇੱਕ ਹੋਰ ਸੰਭਾਵੀ ਖ਼ਤਰਾ ਹੈ ਉੱਲੀ ਲੱਗਣ ਦੀ ਸੰਭਾਵਨਾ, ਜਿਸ ਕਰਕੇ ਸਿਹਤ ਨੂੰ ਖ਼ਤਰਾ ਹੋ ਸਕਦਾ ਹੈ। ਉੱਲੀ ਸਿਲ੍ਹੀਆਂ ਥਾਂਵਾਂ ’ਤੇ ਲਗਦੀ ਹੈ, ਇਸ ਲਈ ਇਹ ਬਹੁਤ ਅਹਿਮ ਹੋ ਜਾਂਦਾ ਹੈ ਕਿ ਹਰੇਕ ਚੀਜ਼ ਨੂੰ ਛੇਤੀ ਛੇਤੀ ਸੁਕਾਇਆ ਜਾਵੇ।

ਹੇਠਾਂ ਇਸ ਬਾਰੇ ਕੁਝ ਨੁਕਤੇ ਦਿੱਤੇ ਗਏ ਹਨ ਕਿ ਹੜ੍ਹ ਤੋਂ ਬਾਦ ਕੀ ਕਰਨਾ ਚਾਹੀਦਾ ਹੈ ਤੇ ਕੀ ਨਹੀਂ।

**ਘਰ ਵਾਪਸ ਪਰਤਣ ਤੋਂ ਪਹਿਲਾਂ:**

- ਯਕੀਨੀ ਬਣਾਓ ਕਿ ਘਰ ਪਹੁੰਚਣ ਵਿਚ ਕੋਈ ਖ਼ਤਰਾ ਨਹੀਂ ਹੈ, ਤੁਹਾਡੀ ਕਮਿਊਨਿਟੀ ਵਿਚ ਸਫਰ ਲਈ ਖ਼ਤਰਾ ਪੈਦਾ ਕਰਨ ਵਾਲੀਆਂ ਡਿੱਗੀਆਂ ਹੋਈਆਂ ਬਿਜਲੀ ਦੀਆਂ ਤਾਰਾਂ ਤਾਂ ਨਹੀਂ ਹਨ, ਸੜਕਾਂ ਤਾਂ ਨਹੀਂ ਰੁੜ੍ਹ ਗਈਆਂ ਜਾਂ ਮਲਬਾ ਤਾਂ ਨਹੀਂ ਹੈ।
- ਘਰ ਦਾ ਚਾਰ ਚੁਫੇਰਿਉਂ ਘੁਮ ਕੇ ਮੁਆਇਨਾ ਕਰੋ ਤੇ ਵੇਖੋ ਕਿ ਢਾਂਚੇ ਨੂੰ ਜਾਂ ਕਿਸੇ ਹੋਰ ਕਿਸਮ ਦਾ ਨੁਕਸਾਨ ਤਾਂ ਨਹੀਂ ਹੋਇਆ। ਜੇ ਗੱਲ ਗੰਭੀਰ ਹੋਵੇ, ਤਾਂ ਸਲਾਹ ਲਈ ਲੋਕਲ ਬਿਲਡਿੰਗ ਇੰਸਪੈਕਟਰ ਜਾਂ ਢਾਂਚੇ ਸਬੰਧੀ ਕਿਸੇ ਇੰਜੀਨੀਅਰ ਨਾਲ ਸੰਪਰਕ ਕਰੋ।
- ਤਸਵੀਰਾਂ ਲਓ ਤੇ ਹੜ੍ਹ ਪੀੜਤਾਂ ਦੀ ਸਹਾਇਤਾ ਕਰ ਰਹੀਆਂ ਸਰਕਾਰੀ ਏਜੰਸੀਆਂ ਲਈ ਨੁਕਸਾਨ ਦਾ ਰਿਕਾਰਡ ਰੱਖੋ।
- ਸਾਫ ਸਫਾਈ ਅਤੇ ਮੁਰੰਮਤ ਸ਼ੁਰੂ ਕਰਨ ਲਈ ਤੁਹਾਨੂੰ ਜਿਨ੍ਹਾਂ ਚੀਜ਼ਾਂ ਦੀ ਲੋੜ ਹੈ ਉਨ੍ਹਾਂ ਦੀ ਇੱਕ ਸੂਚੀ ਬਣਾਓ।
- ਵਿਵਸਥਿਤ ਹੋਵੋ ਅਤੇ ਹੜ੍ਹ ਤੋਂ ਬਾਦ ਨਾਰਮਲ ਹਾਲਾਤ ਵਿਚ ਵਾਪਸ ਆਉਣ ਲਈ ਵਿਓਂਤ ਬਣਾਓ।
- ਜੇ ਤੁਹਾਨੂੰ ਗੈਸ ਆਦਿ ਦੀ ਮੁਸ਼ਕ ਆਵੇ ਜਿਵੇਂ ਕਿ ਗੈਸੋਲੀਨ, ਨੈਚਰਲ ਗੈਸ ਜਾਂ ਪਰੋਪੇਨ, ਫੌਰਨ ਘਰ ਵਿਚੋਂ ਬਾਹਰ ਨਿਕਲ ਜਾਓ ਅਤੇ ਆਪਣੀ ਲੋਕਲ ਗੈਸ ਕੰਪਨੀ ਜਾਂ ਅੱਗ ਬੁਝਾਊ ਮਹਿਕਮੇ ਨੂੰ ਫੋਨ ਕਰੋ।
- ਜਦੋਂ ਤੱਕ ਬਿਜਲੀ ਇੰਸਪੈਕਟਰ ਜਾਂ ਬਿਜਲੀ ਮਿਸਤਰੀ ਤੁਹਾਡੇ ਘਰ ਦੀਆਂ ਤਾਰਾਂ ਦਾ ਮੁਆਇਨਾ ਨਹੀਂ ਕਰ ਲੈਂਦਾ, ਘਰ ਦੀ ਬਿਜਲੀ ਨੂੰ ਮੁੜ ਤੋਂ ਸ਼ੁਰੂ ਕਰਨ ਦੀ ਕੋਸ਼ਿਸ਼ ਨਾ ਕਰੋ। ਜੇ ਬਿਜਲੀ ਫਿਰ ਤੋਂ ਕੁਨੈਕਟ ਬੀ.ਸੀ. ਹਾਈਡਰੋ (BC Hydro) ਨੇ ਕਰਨੀ ਹੈ, ਤਾਂ ਇਸ ਤਰ੍ਹਾਂ ਕਰਨ ਤੋਂ ਪਹਿਲਾਂ ਉਹ ਲਿਖਤ ਰੂਪ ਵਿਚ ਇੱਕ ਘੋਸ਼ਣਾ-ਪੱਤਰ ਮੰਗਦੇ ਹਨ।

**ਘਰ ਵਿਚ ਦਾਖ਼ਲ ਹੋਣਾ:**

- ਜੇ ਹੜ੍ਹ ਦਾ ਪਾਣੀ ਇਮਾਰਤ ਦੇ ਅੰਦਰ ਜਾਂ ਦੁਆਲੇ ਹਾਲੇ ਵੀ ਹੋਵੇ ਤਾਂ ਇਮਾਰਤ ਤੋਂ ਬਾਹਰ ਹੀ ਰਹੋ ਅਤੇ ਅੰਦਰ ਵੜਨ ਤੋਂ ਪਹਿਲਾਂ ਇਹ ਨਿਸ਼ਚਤ ਕਰੋ ਕਿ ਬੀ.ਸੀ. ਹਾਈਡਰੋ ਨੇ ਬਿਜਲੀ ਕੱਟ ਦਿੱਤੀ ਹੈ।
- ਜੇ ਇਮਾਰਤ ਵਿਚ ਬੁਨਿਆਦੀ ਤੌਰ ’ਤੇ ਪਾਣੀ ਨਹੀਂ ਹੈ, ਤਾਂ ਇਹ ਯਕੀਨੀ ਬਣਾਓ ਕਿ ਬਰੇਕਰ ਬਾਕਸ ਤੋਂ ਬਿਜਲੀ ਦਾ ਸਵਿਚ ਬੰਦ ਕੀਤਾ ਹੋਇਆ ਹੈ। ਜੇ ਬਰੇਕਰ ਬਾਕਸ ਦੇ ਆਸ ਪਾਸ ਪਾਣੀ/ਸਲ੍ਹਾਬ ਹੈ, ਤਾਂ ਕਿਸੇ ਸੁੱਕੇ ਫੱਟੇ ’ਤੇ ਖੜ੍ਹੇ ਹੋਵੋ ਤੇ ਸਵਿਚ ਬੰਦ ਕਰਨ ਲਈ ਕਿਸੇ ਸੁੱਕੀ ਲੱਕੜ ਦਾ ਇਸਤੇਮਾਲ ਕਰੋ।
- ਐਕਸਟੈਨਸ਼ਨ ਕੌਰਡਜ਼ (extension cords) ਨੂੰ ਪਾਣੀ ਤੋਂ ਬਾਹਰ ਰੱਖੋ।
- ਸਾਰੇ ਹੀਟਿੰਗ ਸਿਸਟਮਾਂ ਅਤੇ ਵੱਡੇ ਉਪਕਰਨਾਂ (ਅਪਲਾਇੰਸ) ਲਈ, ਭਾਵੇਂ ਉਹ ਲੱਕੜ, ਗੈਸ, ਪਰੋਪੇਨ ਜਾਂ ਬਿਜਲੀ ਨਾਲ ਚੱਲਣ ਵਾਲੇ ਹੋਣ, ਇਹ ਯਕੀਨੀ ਬਣਾਓ ਕਿ ਫਿਰ ਤੋਂ ਚਲਾਉਣ ਤੋਂ ਪਹਿਲਾਂ ਉਨ੍ਹਾਂ ਦਾ ਕਿਸੇ ਯੋਗਤਾ-ਪ੍ਰਾਪਤ ਤਕਨੀਸ਼ੀਅਨ ਦੁਆਰਾ ਚੰਗੀ ਤਰ੍ਹਾਂ ਮੁਆਇਨਾ ਕਰ ਲਿਆ ਗਿਆ ਹੈ। ਜੇ ਇਹ ਹੜ੍ਹ ਵਿਚ ਡੁਬਿਆ ਰਿਹਾ ਹੈ, ਤਾਂ ਤੁਹਾਨੂੰ ਕੁਝ ਜਾਂ ਸਾਰੇ ਪੁਰਜ਼ੇ ਬਦਲਵਾਣੇ ਪੈ ਸਕਦੇ ਹਨ ਜਿਵੇਂ ਕਿ ਗੈਸ ਕੰਟਰੋਲ ਵਾਲਵ, ਸਰਕਟ ਬਰੇਕਰ, ਫਿਊਜ਼, ਫਿਲਟਰ, ਬਲੋਅਰ ਮੋਟਰਾਂ ਅਤੇ ਸਵਿਚ ਤੇ ਕੰਟਰੋਲ। ਬੜੀ ਵਾਰ ਮੁਰੰਮਤ ਦੀ ਬਜਾਇ ਇਸਨੂੰ ਬਦਲ ਦੇਣਾ ਸਸਤਾ ਪੈਂਦਾ ਹੈ।
- ਇਮਾਰਤ ਦਾ ਮੁਆਇਨਾ ਕਰੋ ਤੇ ਵੇਖੋ ਕਿ ਦੀਵਾਰਾਂ ਜਾਂ ਫਰਸ਼ ਤਾਂ ਨਹੀਂ ਉੱਖੜ ਗਏ, ਅਤੇ ਧਿਆਨ ਰੱਖੋ ਕਿ ਕਿਤੇ ਕੋਈ ਮੋਰੇ ਤਾਂ ਨਹੀਂ ਹਨ ਜਾਂ ਟੁੱਟਿਆ ਸ਼ੀਸ਼ਾ ਜਾਂ ਖ਼ਤਰਨਾਕ ਮਲਬਾ ਤਾਂ ਨਹੀਂ ਹੈ।
- ਜੇ ਤੁਹਾਡੇ ਖੂਹ ਵਿਚ ਹੜ੍ਹ ਦਾ ਪਾਣੀ ਆ ਗਿਆ ਹੈ ਤਾਂ ਮੰਨ ਲਓ ਕਿ ਤੁਹਾਡੇ ਘਰ ਵਿਚ ਪੀਣ ਵਾਲਾ ਪਾਣੀ ਠੀਕ ਨਹੀਂ ਹੈ। ਖੂਹ ਨੂੰ ਮੁੜ ਵਰਤੋਂ ਵਿਚ ਲਿਆਉਣ ਤੋਂ ਪਹਿਲਾਂ ਤੁਹਾਨੂੰ ਸ਼ਾਇਦ ਇਸਨੂੰ ਕਿਰਮ-ਰਹਿਤ ਕਰਨਾ ਪਵੇ। ਇਹ ਕਿਸ ਤਰ੍ਹਾਂ ਕਰਨਾ ਹੈ, ਇਸਦੀ ਜਾਣਕਾਰੀ ਲੈਣ ਲਈ ਆਪਣੇ ਸਥਾਨਕ ਵਾਤਾਵਰਨ ਸਿਹਤ ਅਧਿਕਾਰੀ ਨਾਲ ਸੰਪਰਕ ਕਰੋ। ਜੇ ਤੁਹਾਡਾ ਪਾਣੀ ਪਬਲਿਕ ਵਾਟਰ ਸਿਸਟਮ (ਜਨਤਕ ਪਾਣੀ ਦੀ ਪ੍ਰਣਾਲੀ) ਤੋਂ ਆਉਂਦਾ ਹੈ, ਤਾਂ ਇਸ ਬਾਰੇ ਪਤਾ ਕਰਨ ਲਈ ਕਿ ਪੀਣ ਵਾਲਾ ਪਾਣੀ ਠੀਕ ਹੈ ਜਾਂ ਨਹੀਂ ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਜਾਰੀ ਕੀਤੀਆਂ ਖ਼ਬਰਾਂ ਸੁਣਨ ਲਈ ਲੋਕਲ ਮੀਡੀਆ (ਰੇਡੀਓ, ਟੀ.ਵੀ. ਆਦਿ) ਸੁਣੋ।

- ਜੇ ਤੁਹਾਡੇ ਖੂਹ ਵਿਚ ਹੜ੍ਹ ਦਾ ਪਾਣੀ ਆ ਗਿਆ ਹੈ ਤਾਂ ਮੰਨ ਲਓ ਕਿ ਤੁਹਾਡੇ ਘਰ ਵਿਚ ਪੀਣ ਵਾਲਾ ਪਾਣੀ ਠੀਕ ਨਹੀਂ ਹੈ। ਖੂਹ ਨੂੰ ਮੁੜ ਵਰਤੋਂ ਵਿਚ ਲਿਆਉਣ ਤੋਂ ਪਹਿਲਾਂ ਤੁਹਾਨੂੰ ਸ਼ਾਇਦ ਇਸਨੂੰ ਕਿਰਮ-ਰਹਿਤ ਕਰਨਾ ਪਵੇ। ਇਹ ਕਿਸ ਤਰ੍ਹਾਂ ਕਰਨਾ ਹੈ, ਇਸਦੀ ਜਾਣਕਾਰੀ ਲੈਣ ਲਈ ਆਪਣੇ ਸਥਾਨਕ ਵਾਤਾਵਰਨ ਸਿਹਤ ਅਧਿਕਾਰੀ ਨਾਲ ਸੰਪਰਕ ਕਰੋ। ਜੇ ਤੁਹਾਡਾ ਪਾਣੀ ਪਬਲਿਕ ਵਾਟਰ ਸਿਸਟਮ (ਜਨਤਕ ਪਾਣੀ ਦੀ ਪ੍ਰਣਾਲੀ) ਤੋਂ ਆਉਂਦਾ ਹੈ, ਤਾਂ ਇਸ ਬਾਰੇ ਪਤਾ ਕਰਨ ਲਈ ਕਿ ਪੀਣ ਵਾਲਾ ਪਾਣੀ ਠੀਕ ਹੈ ਜਾਂ ਨਹੀਂ ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਜਾਰੀ ਕੀਤੀਆਂ ਖ਼ਬਰਾਂ ਸੁਣਨ ਲਈ ਲੋਕਲ ਮੀਡੀਆ (ਰੇਡੀਓ, ਟੀ.ਵੀ. ਆਦਿ) ਸੁਣੋ।
- ਲੋੜ ਮੁਤਾਬਕ ਤੁਹਾਡੀ ਲੋਕਲ ਹੈਲਥ ਅਥਾਰਟੀ ਪਾਣੀ ਉਬਾਲਣ ਬਾਰੇ ਐਲਾਨ ਜਾਰੀ ਕਰੇਗੀ। ਆਪਣੀ ਲੋਕਲ ਹੈਲਥ ਅਥਾਰਟੀ ਬਾਰੇ ਪਤਾ ਲਗਾਉਣ ਲਈ ਵੇਖੋ http://www.healthservices.gov.bc.ca/socsec/index.html ਤੁਸੀਂ http://www.bchealthguide.org/healthfiles/hfile49b.stm 'ਤੇ "ਪੀਣ ਵਾਲੇ ਪਾਣੀ ਨੂੰ ਕਿਰਮ-ਰਹਿਤ ਕਿਵੇਂ ਕੀਤਾ ਜਾਵੇ" (How to Disinfect Drinking Water) ਪੜ੍ਹ ਸਕਦੇ ਹੋ।
- ਜੇ ਤੁਸੀਂ ਸੈਪਟਿਕ ਖੇਤਰ ਵਿਚ ਹੜ੍ਹ ਦੇ ਪਾਣੀ ਦੇ ਪਾਣੀ ਵੰਡਣ ਵਾਲੀਆਂ ਖੰਦਕਾਂ ਤੋਂ ਥੱਲੇ ਡਿੱਗਣ ਤੋਂ ਪਹਿਲਾਂ ਗੰਦੇ ਪਾਣੀ ਦੇ ਨਿਕਾਸ ਦੀ ਪ੍ਰਣਾਲੀ (sewage system) ਦਾ ਇਸਤੇਮਾਲ ਕਰਦੇ ਹੋ ਤਾਂ ਹੜ੍ਹ ਨਾਲ ਤੁਹਾਡੇ ਗੰਦੇ ਪਾਣੀ ਦੇ ਨਿਕਾਸ ਦੇ ਖੇਤਰ ਨੂੰ ਨੁਕਸਾਨ ਪਹੁੰਚ ਸਕਦਾ ਹੈ। ਹੜ੍ਹ ਤੋਂ ਬਾਦ ਆਪਣਾ ਸੈਪਟਿਕ ਸਿਸਟਮ ਵਰਤਣ ਤੋਂ ਪਹਿਲਾਂ ਆਪਣੇ ਸਥਾਨਕ ਵਾਤਾਵਰਨ ਸਿਹਤ ਅਧਿਕਾਰੀ ਨਾਲ ਗੱਲ ਕਰੋ।
- ਫਰਸ਼ ਦੇ ਹੇਠਾਂ ਵਾਲੀਆਂ ਨਾਲੀਆਂ ਅਤੇ ਸੰਪ ਪੰਪਾਂ ਨੂੰ ਫਲੱਸ਼ ਕਰਵਾਓ ਅਤੇ ਕਿਰਮ-ਰਹਿਤ ਕਰਵਾਓ।
- ਜੇ ਘਰ ਵਿਚ ਕਿਤੇ ਵੀ ਪਾਣੀ ਖੜ੍ਹੋਤਾ ਹੋਵੇ ਤਾਂ ਇਸ ਵਿਚ ਦੋ ਲੀਟਰ ਕਲੋਰੀਨ ਬਲੀਚ ਪਾਓ ਅਤੇ ਬਲੀਚ ਤੇ ਪਾਣੀ ਨੂੰ ਜਿੰਨਾ ਜ਼ਿਆਦਾ ਸੰਭਵ ਹੋਵੇ ਚੰਗੀ ਤਰ੍ਹਾਂ ਹਿਲਾਓ। ਜਦੋਂ ਤੱਕ ਪਾਣੀ ਖੜ੍ਹਾ ਰਹਿੰਦਾ ਹੈ ਓਦੋਂ ਤੱਕ ਹਰ ਚਾਰ ਦਿਨ ਬਾਦ ਇਸੇ ਤਰ੍ਹਾਂ ਹੀ ਕਰੋ।

**ਸਫਾਈ ਕਰਨਾ:**

- ਇਸ ਗੱਲ ਦੀ ਪੁਸ਼ਟੀ ਕਰਨ ਲਈ ਕਿ ਹੜ੍ਹ ਕਾਰਨ ਹੋਇਆ ਨੁਕਸਾਨ ਤੁਹਾਡੀ ਪਾਲਸੀ ਵਿਚ ਕਵਰ ਹੁੰਦਾ ਹੈ, ਆਪਣੇ ਬੀਮਾ ਏਜੰਟ ਨਾਲ ਸੰਪਰਕ ਕਰੋ।
- ਆਫ਼ਤ ਵਿਚ ਮਾਇਕ ਸਹਾਇਤਾ (Disaster Financial Assistance) ਪ੍ਰੋਗਰਾਮ, ਜਦੋਂ ਮੁਨਾਸਬ ਤਰੀਕੇ ਨਾਲ ਅਤੇ ਉਸੇ ਵੇਲੇ ਬੀਮਾ ਉਪਲਬਧ ਨਾ ਹੋਵੇ ਤਾਂ ਅਜਿਹੀਆਂ ਚੀਜ਼ਾਂ ਨੂੰ ਨਵੀਆਂ ਲੈਣ ਜਾਂ ਬਹਾਲ ਕਰਨ ਲਈ ਮਾਇਕ ਸਹਾਇਤਾ ਮੁਹੱਈਆ ਕਰਦਾ ਹੈ ਜਿਹੜੀਆਂ ਤੁਹਾਡੇ ਘਰ, ਜੀਵਿਕਾ ਜਾਂ ਕਮਿਊਨਿਟੀ ਸਰਵਿਸ ਲਈ ਜ਼ਰੂਰੀ ਹੋਣ। ਤੁਸੀਂ ਸੂਬੇ ਦੇ ਐਮਰਜੰਸੀ ਪ੍ਰੋਗਰਾਮ ਦੇ ਸਥਾਨਕ ਦਫ਼ਤਰਾਂ ਅਤੇ ਸਥਾਨਕ ਸਰਕਾਰੀ ਦਫ਼ਤਰਾਂ ਤੋਂ *ਕਲੇਮ ਕਰਨ ਦੇ ਇਰਾਦੇ ਦਾ ਫ਼ਾਰਮ* (*Intent to Claim form)* ਲੈ ਸਕਦੇ ਹੋ।
- ਜੇ ਖਰਾਬ ਹੋਈਆਂ ਚੀਜ਼ਾਂ ਨੂੰ ਸੁੱਟਣਾ ਲਾਜ਼ਮੀ ਹੋਵੇ, ਤਾਂ ਸੁੱਟਣ ਵਾਲੀਆਂ ਚੀਜ਼ਾਂ ਦੀਆਂ ਤਸਵੀਰਾਂ ਲਵੋ ਅਤੇ ਖਰਾਬ ਹੋਈਆਂ ਜਾਂ ਗੁਆਚੀਆਂ ਚੀਜ਼ਾਂ ਦੀ ਇੱਕ ਸੂਚੀ ਬਣਾਓ। ਜਿੰਨੇ ਘੰਟੇ ਤੁਸੀਂ ਅਤੇ ਤੁਹਾਡੇ ਪਰਵਾਰ ਵਾਲੇ ਜਾਂ ਦੋਸਤ ਮਿੱਤਰ ਘਰ ਜਾਂ ਜਾਇਦਾਦ ਦੀ ਸਫਾਈ 'ਤੇ ਲਗਾਉਂਦੇ ਹੋ ਉਨ੍ਹਾਂ ਦਾ ਹਿਸਾਬ ਰੱਖੋ ਅਤੇ ਜੇ ਸਫਾਈ ਵਿਚ ਮਦਦ ਲਈ ਤੁਸੀਂ ਕੋਈ ਸਾਜ਼ੋ ਸਮਾਨ ਕਿਰਾਏ 'ਤੇ ਲੈਂਦੇ ਹੋ ਜਾਂ ਕਿਸੇ ਸਪਲਾਇਰ ਨੂੰ ਕੰਮ 'ਤੇ ਲਗਾਉਂਦੇ ਹੋ, ਤਾਂ ਇਨ੍ਹਾਂ ਸਭ ਦੀਆਂ ਰਸੀਦਾਂ ਸਾਂਭ ਕੇ ਰੱਖੋ। ਜੇ ਤੁਸੀਂ ਇਨਸ਼ੋਰੈਂਸ ਕਲੇਮ ਕਰ ਰਹੇ ਹੋ ਜਾਂ ਆਫਤ ਵਿਚ ਮਾਇਕ ਸਹਾਇਤਾ ਲਈ ਅਪਲਾਈ ਕਰ ਰਹੇ ਹੋ ਤਾਂ ਇਹ ਰਿਕਾਰਡ ਮਦਦ ਕਰਨਗੇ।
- ਫਰੀਜ਼ਰ ਜਾਂ ਫਰਿਜ ਵਿਚ ਰਖੀਆਂ ਖਾਣ ਪੀਣ ਦੀਆਂ ਚੀਜ਼ਾਂ, ਡੱਬਿਆਂ ਵਿਚ ਪਈਆਂ ਖਾਣ ਪੀਣ ਦੀਆਂ ਚੀਜ਼ਾਂ, ਸਬਜ਼ੀਆਂ ਅਤੇ ਫਲ, ਬੋਤਲਾਂ ਵਾਲੀਆਂ ਪੀਣ ਦੀਆਂ ਚੀਜ਼ਾਂ ਅਤੇ ਘਰ ਵਿਚ ਪਾਏ ਅਚਾਰ ਮੁਰੱਬੇ ਆਦਿ ਸੁੱਟ ਦਿਓ ਤੇ ਜੇ ਪਾਣੀ ਨਾਲ ਨੁਕਸਾਨ ਹੋਇਆ ਹੈ ਤਾਂ ਦਵਾਈਆਂ, ਸ਼ਿੰਗਾਰ ਸਮੱਗਰੀ ਅਤੇ ਨਿੱਜੀ ਸਾਫ ਸਫਾਈ ਦੀਆਂ ਚੀਜ਼ਾਂ ਵੀ ਸੁੱਟ ਦਿਓ।
- ਸਾਰੇ ਭਾਂਡਿਆਂ ਨੂੰ ਉਬਲਦੇ ਪਾਣੀ ਵਿਚ ਜਾਂ ਇੱਕ ਹਿੱਸਾ ਬਲੀਚ ਵਿਚ 10 ਹਿੱਸੇ ਪਾਣੀ ਰਲਾ ਕੇ ਘੱਟ ਸੰਘਣੇ ਬਲੀਚ ਵਾਲੇ ਘੋਲ ਵਿਚ ਜਾਂ ਕਿਸੇ ਅਮੋਨੀਆ-ਰਹਿਤ ਭਾਂਡੇ ਧੋਣ ਵਾਲੇ ਡਿਟਰਜੈਂਟ ਵਿਚ ਧੋਵੋ ਅਤੇ ਕਿਰਮ-ਰਹਿਤ ਕਰੋ।
- ਘਰ ਵਿਚੋਂ ਹੜ੍ਹ ਦੇ ਪਾਣੀ ਨੂੰ ਹੌਲੀ ਹੌਲੀ ਕੱਢੋ। ਪਾਣੀ ਨੂੰ ਵੱਖ ਵੱਖ ਪੜਾਵਾਂ ਵਿਚ ਕੱਢੋ, ਜਿੰਨਾ ਪਾਣੀ ਹੋਵੇ ਉਸਦਾ ਤਕਰੀਬਨ ਤੀਜਾ ਹਿੱਸਾ ਹਰ ਰੋਜ਼।
- ਜੇ ਤੁਸੀਂ ਬਹੁਤ ਜਲਦੀ ਜਲਦੀ ਕਢਦੇ ਹੋ, ਤਾਂ ਦੀਵਾਰਾਂ ਜਾਂ ਫਰਸ਼ ਉੱਖੜ ਸਕਦੇ ਹਨ।
- ਜੇ ਤੁਸੀਂ ਘਰ ਵਿਚੋਂ ਹੜ੍ਹ ਦਾ ਪਾਣੀ ਕੱਢਣ ਲਈ ਗੈਸ ਜਾਂ ਮਿੱਟੀ ਦੇ ਤੇਲ ਨਾਲ ਚੱਲਣ ਵਾਲੇ ਪੰਪ ਦਾ ਇਸਤੇਮਾਲ ਕਰਦੇ ਹੋ, ਤਾਂ ਯਕੀਨੀ ਬਣਾਓ ਕਿ ਧੂੰਏਂ ਦੇ ਬਾਹਰ ਨਿਕਲਣ ਲਈ ਪ੍ਰਬੰਧ ਹੈ।
- ਜਦੋਂ ਤੱਕ ਸਾਰਾ ਪਾਣੀ ਬਾਹਰ ਨਹੀਂ ਨਿਕਲ ਜਾਂਦਾ, ਆਪਣੇ ਘਰ ਨੂੰ ਬਾਹਰ ਦੇ ਤਾਪਮਾਨ ਨਾਲੋਂ ਵੱਧ ਗਰਮ (ਹੀਟ) ਨਾ ਕਰੋ।
- ਬੂਹੇ ਬਾਰੀਆਂ ਖੋਲ੍ਹੋ ਤਾਂ ਕਿ ਕੁਦਰਤੀ ਹਵਾ ਅੰਦਰ ਆ ਸਕੇ। ਜਦੋਂ ਤੱਕ ਘਰ ਪੂਰੀ ਤਰ੍ਹਾਂ ਸੁੱਕ ਨਹੀਂ ਜਾਂਦਾ, ਘਰ ਨੂੰ ਚੰਗੀ ਤਰ੍ਹਾਂ ਹਵਾ ਲੱਗਣ ਦਿਓ ਜਾਂ ਇਸ ਵਿਚੋਂ ਨਮੀ ਕੱਢਣ (ਡੀਹਿਊਮਿਡਿਫਾਈ) ਦਾ ਪ੍ਰਬੰਧ ਕਰੋ।
- ਜਿੱਥੇ ਹੜ੍ਹ ਦਾ ਪਾਣੀ ਆਇਆ ਹੋਵੇ ਉਨ੍ਹਾਂ ਸਾਰੀਆਂ ਥਾਂਵਾਂ, ਦੀਵਾਰਾਂ ਅਤੇ ਫਰਸ਼ਾਂ ਨੂੰ ਸਾਫ ਕਰੋ, ਕਿਰਮ-ਰਹਿਤ ਕਰੋ, ਧੋਵੋ ਅਤੇ ਸੁਕਾਓ।
- ਇਹ ਕੰਮ ਕਰਦੇ ਸਮੇਂ ਧੂੰਏਂ ਨੂੰ ਸਾਹ ਰਾਹੀਂ ਅੰਦਰ ਜਾਣ ਤੋਂ ਰੋਕਣ ਲਈ ਤੁਸੀਂ ਕੋਈ ਚਾਰਕੋਲ ਰੈਸਪੀਰੇਟਰ (charcoal respirator) ਪਾ ਸਕਦੇ ਹੋ।
- ਹੜ੍ਹ ਦਾ ਪਾਣੀ ਜਿੰਨੀ ਉੱਪਰ ਤੱਕ ਆਇਆ ਹੋਵੇ ਉਸ ਤੋਂ ਘੱਟੋ ਘੱਟ ਅੱਧਾ ਮੀਟਰ ਉੱਪਰ ਤੱਕ ਡਰਾਈਵਾਲ ਅਤੇ ਇਨਸੁਲੇਸ਼ਨ ਬਦਲ ਦਿਓ।
- ਜੇ ਫਰਸ਼ ਵਿਚ ਕਾਫੀ ਅੰਦਰ ਤੱਕ ਹੜ੍ਹ ਜਾਂ ਗੰਦਾ ਪਾਣੀ (sewage) ਵੜ ਗਿਆ ਹੋਵੇ, ਤਾਂ ਫਰਸ਼ ਬਦਲ ਦਿਓ।
- ਜੇ ਕੋਈ ਖੁੱਲ੍ਹੀ ਜਾਂ ਬੈਟ (batt) ਇਨਸੁਲੇਸ਼ਨ ਗਿੱਲੀ ਹੋ ਗਈ ਹੋਵੇ, ਤਾਂ ਉਸਨੂੰ ਸੁੱਟ ਦਿਓ। ਸਿਰਫ ਸਖ਼ਤ ਫੋਮ ਦੀ ਇਨਸੁਲੇਸ਼ਨ ਹੀ ਬਚਾਈ ਜਾ ਸਕਦੀ ਹੈ, ਕੱਢਣ, ਸਾਫ ਕਰਨ ਤੇ ਸੁਕਾਉਣ ਤੋਂ ਬਾਦ।
- ਉੱਲੀ ਅਤੇ ਬੈਕਟੀਰੀਆ ਨਾਲ ਸਖਤੀ ਨਾਲ ਪੇਸ਼ ਆਓ ਕਿਉਂਕਿ ਇਨ੍ਹਾਂ ਨਾਲ ਅਲਰਜੀਆਂ, ਦਮਾ ਅਤੇ ਸਿਹਤ ਸਬੰਧੀ ਹੋਰ ਸਮੱਸਿਆਵਾਂ ਹੋਰ ਵਿੱਗੜ ਸਕਦੀਆਂ ਹਨ। ਜੇ ਘਰ ਅੰਦਰ ਕਿਤੇ ਉੱਲੀ ਹੈ, ਤਾਂ ਕਲੋਰੀਨ ਬਲੀਚ ਘੋਲ (10 ਹਿੱਸੇ ਪਾਣੀ ਵਿਚ ਇੱਕ ਹਿੱਸਾ ਬਲੀਚ) ਨਾਲ ਸਾਫ ਕਰੋ।
- ਜੇ ਉੱਲੀ ਫਿਰ ਵੀ ਨਾ ਹਟੇ, ਤਾਂ ਹੋਰ ਸਖ਼ਤ ਤਰੀਕੇ ਵਰਤਣੇ ਚਾਹੀਦੇ ਹਨ। ਉੱਲੀ ਤੋਂ ਬਚਣ ਦਾ ਇੱਕੋ ਇੱਕ ਤਰੀਕਾ ਹੈ, ਥਾਂਵਾਂ ਨੂੰ ਸੁੱਖਾ ਰੱਖਣਾ ਅਤੇ ਸਲ੍ਹਾਬ ਨਾ ਹੋਣ ਦੇਣਾ।
- ਘਰ ਦੇ ਵਿਹੜੇ ਵਿਚ ਹੜ੍ਹ ਦੇ ਪਾਣੀ ਨਾਲ ਇਕੱਠਾ ਹੋਇਆ ਮਲਬਾ ਅਤੇ ਹੋਰ ਵਿਅਰਥ ਪਦਾਰਥ ਸਾਫ ਕਰੋ, ਕਿਉਂਕਿ ਇਨ੍ਹਾਂ ਕਰਕੇ ਜਾਨਵਰ ਅਤੇ ਕੀੜੇ ਮਕੌੜੇ ਆਉਣਗੇ।
- ਰਸਾਇਣਾਂ ਵਾਲੇ ਡੱਬਿਆਂ ਦੀ ਜਾਂਚ ਕਰੋ ਕਿ ਕਿਤੇ ਇਹ ਚੋ ਤਾਂ ਨਹੀਂ ਰਹੇ ਜਾਂ ਪਾਣੀ ਨਾਲ ਖਰਾਬ ਤਾਂ ਨਹੀਂ ਹੋ ਗਏ, ਫਿਰ ਇਨ੍ਹਾਂ ਨੂੰ ਕਿਸੇ ਮਹਿਫੂਜ਼ ਥਾਂ 'ਤੇ ਰੱਖੋ ਅਤੇ ਸੁੱਟਣ ਦੇ ਤਰੀਕੇ ਬਾਰੇ ਆਪਣੀ ਲੋਕਲ ਅਥਾਰਟੀ ਨਾਲ ਸੰਪਰਕ ਕਰੋ।